# ਸ਼੍ਰੇਣੀ - ਦਸਵੀਂ (ਸਾਇੰਸ) ਸੈਸ਼ਨ 2016-17

| ਮਹੀਨਾ | ਪਾਠ ਦਾ ਨਾਂ | ਉਦੇਸ਼ | ਕਿਰਿਆਵਾਂ |
|---|---|---|---|
| ਅਪ੍ਰੈਲ | ਪਾਠ-15 ਸਾਡਾ ਵਾਤਾਵਰਨ ਕੀ ਹੁੰਦਾ ਹੈ? | • ਵਿਦਿਆਰਥੀਆਂ ਨੂੰ ਵਾਤਾਵਰਨ ਸਬੰਧੀ ਮੁਸ਼ਕਲਾਂ ਤੋਂ ਜਾਣੂ ਕਰਵਾਉਣਾ।<br>• ਜੈਵ ਵਿਘਨਟਸ਼ੀਲ ਅਤੇ ਜੈਵ ਅਵਿਘਟਨਸ਼ੀਲ ਪਦਾਰਥਾਂ ਬਾਰੇ ਜਾਣੂ ਕਰਾਵਾਉਣਾ।<br>• ਓਜ਼ੋਨ ਪਰਤ ਦੇ ਨਸ਼ਟ ਹੋਣ ਦੇ ਕਾਰਨਾਂ ਬਾਰੇ ਜਾਣਕਾਰੀ ਦੇਣਾ। | • ਵੱਖ-ਵੱਖ ਪਦਾਰਥਾਂ ਨੂੰ ਧਰਤੀ ਵਿੱਚ ਦੱਬ ਕੇ ਥੋੜੇ-ਥੋੜੇ ਦਿਨਾਂ ਦੇ ਅੰਤਰਾਲ ਤੋਂ ਬਾਅਦ ਆਉਣ ਵਾਲੀਆਂ ਤਬਦੀਲੀਆਂ ਨੋਟ ਕਰਵਾਉਣਾ।<br>• ਭੋਜਨ ਜਾਲ ਬਾਰੇ ਮਾਡਲ ਬਣਾਉਣਾ।<br>• ਭੋਜਨ ਦੇ ਆਧਾਰ ਤੇ ਸਜੀਵਾਂ ਦਾ ਵਰਗੀਕਰਨ। |
| | ਪਾਠ-10 ਪ੍ਰਕਾਸ਼-ਪਰਾਵਰਤਨ ਅਤੇ ਅਪਵਰਤਨ | • ਪ੍ਰਕਾਸ਼ ਦੇ ਅਭਿਸਰਿਤ ਅਤੇ ਅਪਸਰਿਤ ਹੋਣ ਦੇ ਵਰਤਾਰੇ ਬਾਰੇ ਜਾਣੂ ਕਰਵਾਉਣਾ।<br>• ਉੱਤਲ ਅਤੇ ਅਵਤਲ ਦਰਪਣ ਦੁਆਰਾ ਬਣਾਏ ਪ੍ਰਤੀਬਿੰਬਾਂ ਬਾਰੇ ਜਾਣਕਾਰੀ ਦੇਣਾ ਅਤੇ ਮੁੱਖ ਫੋਕਸ, ਮੁੱਖ ਧੁਰਾ, ਪ੍ਰਕਾਸ਼ ਕੇਂਦਰ, ਫੋਕਸ ਦੂਰੀ ਬਾਰੇ ਜਾਣਕਾਰੀ ਦੇਣਾ।<br>• ਅਪਵਰਤਨ ਅਤੇ ਅਪਵਰਤਨ ਦੇ ਨਿਯਮ<br>• ਉੱਤਲ ਲੈਂਜ਼ ਦੁਆਰਾ ਬਣਾਏ ਪ੍ਰਤੀਬਿੰਬ ਬਾਰੇ ਜਾਣਕਾਰੀ ਦੇਣਾ, ਪ੍ਰਕਾਸ਼ ਦਾ ਖਿੰਡਾਅ (ਵਰਣਵਿਖੇਪਣ) ਬਾਰੇ ਜਾਣਕਾਰੀ ਦੇਣਾ। | • ਪ੍ਰਕਾਸ਼ ਦੇ ਅਭਿਸਰਿਤ ਅਤੇ ਅਪਸਰਿਤ ਹੋਣ ਦੇ ਵਰਤਾਰੇ ਨੂੰ ਲੈਂਜ਼ਾਂ ਦੀ ਸਹਾਇਤਾ ਨਾਲ ਦਰਸਾਉਣਾ।<br>• ਅਵਤਲ ਦਰਪਣ ਸਾਹਮਣੇ ਵੱਖ-ਵੱਖ ਸਥਿਤੀਆਂ ਤੇ ਰੱਖੀ ਵਸਤੂ ਦੇ ਬਣੇ ਪ੍ਰਤੀਬਿੰਬ ਦੇ ਰੇਖਾ ਚਿੱਤਰ ਬਣਾਉਣਾ।<br>• ਉੱਤਲ ਲੈਂਜ਼ ਦੁਆਰਾ ਬਣਾਏ ਪ੍ਰਤੀਬਿੰਬ ਦੇ ਲੱਛਣਾਂ ਨੂੰ ਨੋਟ ਕਰਨਾ। |
| ਮਈ | ਪਾਠ-11 ਮਨੁੱਖੀ ਅੱਖ | • ਮਨੁੱਖੀ ਅੱਖ ਦੇ ਲੈਂਜ਼ ਦੀ ਕਾਰਜ ਵਿਧੀ, ਅੱਖ ਦੀ | • ਮਨੁੱਖੀ ਅੱਖ ਦੇ ਦੋਸ਼ਾਂ ਨੂੰ ਦੂਰ ਕਰਨ ਲਈ ਵਰਤੇ ਜਾਂਦੇ ਲੈਂਜ਼ਾਂ ਬਾਰੇ ਜਾਣਕਾਰੀ |

| | | | |
|---|---|---|---|
| | ਅਤੇ ਰੰਗ ਬਿਰੰਗਾ ਸੰਸਾਰ | ਬਣਤਰ, ਅੱਖ ਦੇ ਦੋਸ਼ਾਂ ਤੋਂ ਜਾਣੂ ਕਰਵਾਉਣਾ। | ਇਕੱਤਰ ਕਰਨਾ। |
| | ਪਾਠ-1 ਰਸਾਇਨਿਕ ਕਿਰਿਆਵਾਂ ਅਤੇ ਸਮੀਕਰਣ | • ਰਸਾਇਣਕ ਕਿਰਿਆਵਾਂ ਦੀਆਂ ਕਿਸਮਾਂ, ਸੰਯੋਜਨ, ਅਪਘਨਟ, ਵਿਸਥਾਪਨ ਅਤੇ ਦੂਹਰੇ ਵਿਸਥਾਪਨ, ਕ੍ਰਿਸਟਲਕਰਨ, ਉਦਾਸੀਨੀਕਰਨ, ਆਕਸੀਕਰਨ, ਲਘੂਕਰਨ ਬਾਰੇ ਜਾਣਕਾਰੀ ਦੇਣਾ। | • ਰਸੋਈ ਵਿੱਚ ਵਾਪਰਨ ਵਾਲੀਆਂ ਰਸਾਇਣਕ ਕਿਰਿਆਵਾਂ, ਸਾਡੇ ਸਰੀਰ ਅੰਦਰ ਵਾਪਰਨ ਵਾਲੀਆਂ ਰਸਾਇਣਕ ਕਿਰਿਆਵਾਂ ਅਤੇ ਪਾਠ ਵਿਚਲੀਆਂ ਸਬੰਧਤ ਕਿਰਿਆਵਾਂ ਕਰਵਾਉਣਾ। |
| ਜੂਨ | ਵਿਦਿਆਰਥੀਆਂ ਨੂੰ ਪ੍ਰੋਜੈਕਟ ਅਤੇ ਮਾਡਲ ਬਣਾਉਣ ਲਈ ਦੇਣਾ। | | |
| ਜੁਲਾਈ | ਪਾਠ-6 ਜੈਵਿਕ ਪ੍ਰਕਿਰਿਆਵਾਂ | • ਸੰਜੀਵਾਂ ਵਿੱਚ ਪੋਸ਼ਣ, ਸਾਹ ਕਿਰਿਆ, ਸਥਾਨਾਂਤਰਨ ਅਤੇ ਮਲ ਨਿਕਾਸ ਕਿਰਿਆਵਾਂ ਬਾਰੇ ਮੁੱਢਲੀ ਜਾਣਕਾਰੀ ਦੇਣਾ। | • ਆਲੇ ਦੁਆਲੇ ਦੀਆਂ ਵਸਤੂਆਂ ਵਿਚੋਂ ਸਜੀਵ ਅਤੇ ਨਿਰਜੀਵ ਵਸਤਾਂ ਪਹਿਚਾਣਨਾ, ਪਾਠ ਪੁਸਤਕ ਵਿਚਲੀਆਂ ਸਬੰਧਤ ਕਿਰਿਆਵਾਂ ਕਰਵਾਉਣਾ। |
| | ਪਾਠ-12 ਬਿਜਲੀ | • ਪੁਟੈਂਸਲ ਅੰਤਰ ਅਤੇ ਪੁਟੈਂਸਲ, ਓਹਮ ਦਾ ਨਿਯਮ, ਪ੍ਰਤੀਰੋਧ (ਲੜੀ ਵਿੱਚ) ਅਤੇ ਸਮਾਂਤਰਬੱਧ, ਕਰੰਟ ਸੋਮਿਆਂ ਬਾਰੇ ਜਾਣਕਾਰੀ ਦੇਣਾ। | • ਪਾਠ ਪੁਸਤਕ ਵਿਚਲੀਆਂ ਸਬੰਧਤ ਕਿਰਿਆਵਾਂ ਕਰਵਾਉਣਾ।<br>• ਰੋਜ਼ਾਨਾ ਜੀਵਨ ਵਿੱਚ ਵਰਤੇ ਜਾਂਦੇ ਬਿਜਲਈ ਯੰਤਰਾਂ ਬਾਰੇ ਜਾਣਕਾਰੀ ਦੇਣਾ। |
| ਅਗਸਤ | ਪਾਠ-5 ਤੱਤਾਂ ਦਾ ਆਵਰਤੀ ਵਰਗੀਕਰਨ | • ਮੈਂਡਲੀਫ ਆਵਰਤੀ ਸਾਰਣੀ ਵਿੰਚ ਤੱਤਾਂ ਦੇ ਗੁਣਾਂ ਵਿੱਚ ਬਦਲਾਅ ਬਾਰੇ ਜਾਣਕਾਰੀ ਦੇਣਾ। | • ਆਵਰਤੀ ਸਾਰਣੀ ਦੀ ਸਹਾਇਤਾ ਨਾਲ ਤੱਤਾਂ ਦੇ ਗੁਣਾਂ ਅਤੇ ਉਨ੍ਹਾਂ ਦੇ ਸਥਾਨ ਬਾਰੇ ਜਾਣੂ ਕਰਵਾਉਣਾ। |
| | ਪਾਠ-7 ਕਾਬੂ ਅਤੇ ਤਾਲਮੇਲ | • ਪੌਦਿਆਂ ਵਿੱਚ ਅਨੁਵਰਤਨ, ਪੌਦਾ ਹਾਰਮੋਨਾਂ ਬਾਰੇ ਜਾਣਕਾਰੀ ਦੇਣਾ, ਜੰਤੂਆਂ ਵਿੱਚ ਕਾਬੂ ਅਤੇ ਤਾਲਮੇਲ, ਤੰਤੂ ਪ੍ਰਬੰਧ, ਜੰਤੂ ਹਾਰਮੋਨਾਂ | • ਪਾਠ ਵਿਚਲੀਆਂ ਸਬੰਧਤ ਕਿਰਿਆਵਾਂ ਕਰਵਾਉਣਾ। |

| | | | |
|---|---|---|---|
| | | ਪ੍ਰਤੀਵਰਤੀ ਕਿਰਿਆ ਬਾਰੇ ਜਾਣਕਾਰੀ ਦੇਣਾ। | |
| ਸਤੰਬਰ | | ਦੁਹਰਾਈ ਅਤੇ ਐਸ.ਏ.-1 | |
| ਅਕਤੂਬਰ | ਪਾਠ-13 ਬਿਜਲਈ ਧਾਰਾ ਤੇ ਚੁੰਬਕੀ ਪ੍ਰਭਾਵ | • ਚੁੰਬਕੀ ਖੇਤਰ, ਚੁੰਬਕੀ ਬਲ ਰੇਖਾਵਾਂ, ਕਰੰਟ ਵਾਹਕ (ਚਾਲਕ ਤਾਰ) ਕਾਰਨ ਚੁੰਬਕੀ ਖੇਤਰ ਫਲੈਮਿੰਗ ਦਾ ਖੱਬੇ ਹੱਥ ਦਾ ਨਿਯਮ, ਬਿਜਲਈ ਮੋਟਰ, ਬਿਜਲਈ ਜਨਰੇਟਰ, ਪਰਤਵੀਂ ਅਤੇ ਅਪਰਤਵੀਂ ਬਿਜਲਈ ਧਾਰਾ ਬਾਰੇ ਜਾਣਕਾਰੀ।<br>• ਘਰੇਲੂ ਬਿਜਲਈ ਸਰਕਟ ਬਾਰੇ ਜਾਣਕਾਰੀ ਦੇਣਾ। | • ਛੜ ਚੁੰਬਕ ਦੁਆਲੇ ਚੁੰਬਕੀ ਖੇਤਰ ਅਤੇ ਚੁੰਬਕੀ ਬਲ ਰੇਖਾ ਖਿੱਚਣਾ।<br>• ਬਿਜਲਈ ਮੋਟਰ ਅਤੇ ਜਨਰੇਟਰ ਬਾਰੇ ਜਾਣਕਾਰੀ ਦੇਣਾ।<br>• ਬਿਜਲਈ ਮੋਟਰ ਦੀ ਸਹਾਇਤਾ ਨਾਲ ਚੱਲਣ ਵਾਲੇ ਯੰਤਰਾਂ ਦੀ ਸੂਚੀ ਤਿਆਰ ਕਰਵਾਉਣਾ। |
| | ਪਾਠ-16 ਕੁਦਰਤੀ ਸਾਧਨਾਂ ਦਾ ਪ੍ਰਬੰਧਨ | • ਕੁਦਰਤੀ ਸਾਧਨਾਂ ਦੀ ਸੰਭਾਲ, ਸਿਆਣਪ ਨਾਲ ਵਰਤੋਂ, ਜੰਗਲ ਅਤੇ ਜੰਗਲੀ ਜੀਵਨ ਦੀ ਮਹੱਤਤਾ, ਕੋਲੇ ਅਤੇ ਪੈਟਰੋਲੀਅਮ ਦੀ ਸੰਭਾਲ ਬਾਰੇ ਜਾਣਕਾਰੀ ਦੇਣਾ। | • ਜੰਗਲਾਂ ਦੇ ਨਸ਼ਟ ਹੋਣ ਦੇ ਵਾਤਾਵਰਣ ਤੇ ਪ੍ਰਭਾਵ ਬਾਰੇ ਤੱਥ ਇੱਕਠੇ ਕਰਨੇ। |
| ਨਵੰਬਰ | ਪਾਠ-2 ਤੇਜ਼ਾਬ, ਖਾਰ ਅਤੇ ਲੂਣ | • ਤੇਜ਼ਾਬ, ਖਾਰ ਅਤੇ ਲੂਣਾਂ ਦੇ ਗੁਣ ਉਦਾਹਰਣਾਂ ਅਤੇ ਲਾਭਾਂ ਬਾਰੇ ਜਾਣੂ ਕਰਵਾਉਣਾ। | • ਸੂਚਕਾਂ ਦੀ ਸਹਾਇਤਾ ਨਾਲ ਪਦਾਰਥਾਂ ਦੀ ਤੇਜ਼ਾਬ, ਖਾਰ ਅਤੇ ਲੂਣਾਂ ਵਿੱਚ ਵੰਡ ਕਰਵਾਉਣਾ। |
| | ਪਾਠ-14 ਊਰਜਾ ਦੇ ਸੋਮੇ | • ਊਰਜਾ ਦੀਆਂ ਵੱਖ-ਵੱਖ ਕਿਸਮਾਂ, ਉਨ੍ਹਾਂ ਦੀ ਮਨੁੱਖ ਵਲੋਂ ਵਰਤੋਂ, ਪਥਰਾਟੀ ਬਾਲਣ, ਸੂਰਜੀ ਊਰਜਾ, ਬਾਇਓਗੈਸ, ਨਿਊਕਲੀ ਊਰਜਾ, ਪੌਣ ਊਰਜਾ, ਪਣ ਊਰਜਾ ਬਾਰੇ ਜਾਣਕਾਰੀ ਦੇਣਾ। | • ਸੋਲਰ ਕੁੱਕਰ, ਸੋਲਰ ਹੀਟਰ ਦਾ ਮਾਡਲ ਅਤੇ ਚਾਰਟ ਤਿਆਰ ਕਰਵਾਉਣੇ। |

| | | | |
|---|---|---|---|
| | | • ਊਰਜਾ ਦੇ ਨਵਿਆਉਣਯੋਗ ਅਤੇ ਨਾ-ਨਵਿਆਉਣਯੋਗ ਸ੍ਰੋਤਾਂ ਬਾਰੇ ਜਾਣਕਾਰੀ ਦੇਣਾ। | |
| ਦਸੰਬਰ | ਪਾਠ-4 ਕਾਰਬਨ ਅਤੇ ਉਸ ਦੇ ਯੋਗਿਕ | • ਕਾਰਬਨਿਕ ਯੋਗਿਕ ਅਤੇ ਸੰਯੋਜੀ ਬੰਧਨ, ਫੰਕਸ਼ਨਲ ਗਰੁੱਪ, ਯੋਗਿਕਾਂ ਦੇ ਨਾਂ ਅਤੇ ਰਸਾਇਣਕ ਸੂਤਰ, ਸੰਤ੍ਰਿਪਤ ਅਤੇ ਅਸੰਤ੍ਰਿਪਤ ਹਾਈਡ੍ਰੋਕਾਰਬਨਾਂ ਆਦਿ ਬਾਰੇ ਜਾਣਕਾਰੀ ਦੇਣਾ।<br>• ਸਾਬਣ ਅਤੇ ਮੈਲ ਨਿਵਾਰਕਾਂ ਬਾਰੇ ਜਾਣਕਾਰੀ ਦੇਣਾ। | • ਸਾਬਣ ਦੀ ਪ੍ਰਯੋਗਸ਼ਾਲਾ ਵਿੱਚ ਤਿਆਰੀ, ਮਾਡਲਾਂ ਦੀ ਸਹਾਇਤਾ ਨਾਂਲ ਕਾਰਬਨ ਅਤੇ ਇਸ ਦੇ ਯੋਗਿਕਾਂ ਦੀਆਂ ਵੱਖ-ਵੱਖ ਕਿਰਿਆਵਾਂ ਕਰਵਾਉਣਾ। |
| | ਪਾਠ-9 ਅਨੂਵੰਸ਼ਿਕਤਾ ਅਤੇ ਜੀਵ ਵਿਕਾਸ | • ਅਨੂਵੰਸ਼ਿਕਤਾ, ਗੁਣਾਂ ਦੇ ਇਕ ਪੀੜੀ ਤੋਂ ਦੂਜੀ ਵਿੱਚ ਜਾਣ ਸਬੰਧੀ ਮੈਂਡਲ ਦਾ ਨਿਯਮ, ਵਿਭਿੰਨਤਾ, ਜੀਵ ਵਿਕਾਸ ਸਬੰਧੀ ਪ੍ਰਮਾਣਾਂ, ਸਿਧਾਂਤਾਂ ਬਾਰੇ ਜਾਣਕਾਰੀ ਦੇਣਾ। | • |
| ਜਨਵਰੀ | ਪਾਠ-3 ਧਾਤਾਂ ਅਤੇ ਅਧਾਤਾਂ | • ਧਾਤਾਂ ਅਤੇ ਅਧਾਤਾਂ ਦੇ ਗੁਣ, ਕਿਰਿਆਸ਼ੀਲਤਾ ਲੜੀ, ਆਇਨੀ ਯੋਗਿਕਾਂ ਦਾ ਬਨਣਾ ਅਤੇ ਉਨ੍ਹਾਂ ਦੇ ਗੁਣਾਂ ਦਾ ਅਧਿਐਨ, ਧਾਤਕ੍ਰਮ, ਧਾਤਾਂ ਦਾ ਖੋਰਨ ਅਤੇ ਬਚਾਅ ਬਾਰੇ ਜਾਣੂ ਕਰਵਾਉਣਾ। | • ਧਾਤਕ੍ਰਮ ਬਾਰੇ ਜਾਣਕਾਰੀ ਦੇਣਾ।<br>• ਧਾਤਾਂ ਦੇ ਰਸਾਇਣਕ ਗੁਣਾਂ ਨੂੰ ਦਰਸਾਉਂਦਾ ਪ੍ਰਯੋਗ ਕਰਵਾਉਣਾ। |
| | ਪਾਠ-11 ਜੀਵ ਪ੍ਰਜਨਣ ਕਿਵੇਂ ਕਰਦੇ ਹਨ? | • ਪੌਦਿਆਂ ਅਤੇ ਜੰਤੂਆਂ ਵਿੱਚ ਪ੍ਰਜਨਣ (ਲਿੰਗੀ ਅਤੇ ਅਲਿੰਗੀ), ਬਾਰੇ ਜਾਣਕਾਰੀ ਦੇਣਾ, ਪਰਿਵਾਰ ਨਿਯੋਜਨ ਦੀ | • ਫੁੱਲ ਦੇ ਪ੍ਰਜਣਨ ਅੰਗਾਂ ਬਾਰੇ ਜਾਣਕਾਰੀ ਦੇਣ, ਬੀਜ਼ਾਂ ਦੇ ਪੁੰਗਰਨ ਸਬੰਧੀ ਕਿਰਿਆਵਾਂ ਕਰਵਾਉਣਾ। |

| | | | |
|---|---|---|---|
| | | ਜ਼ਰੂਰਤ ਅਤੇ ਵਰਤੇ ਜਾਂਦੇ ਤਰੀਕਿਆਂ ਬਾਰੇ ਜਾਣਕਾਰੀ, ਏਡਜ਼ ਸਬੰਧੀ ਜਾਣਕਾਰੀ , ਗਰਭਵਤੀ ਔਰਤਾਂ ਦੀ ਸਿਹਤ ਸਬੰਧੀ ਜਾਣਕਾਰੀ ਦੇਣਾ। | |
| ਫਰਵਰੀ | ਦੁਹਰਾਈ ਅਤੇ ਪ੍ਰੀ-ਬੋਰਡ | | |
| ਮਾਰਚ | ਸਲਾਨਾ ਪ੍ਰੀਖਿਆ | | |